Australian Government
Department of Home Affairs

ਆਸਟ੍ਰੇਲੀਆ ਦੇ ਭਾਈਚਾਰੇ ਦੀ ਸਿਹਤ ਦੀ ਸੁਰੱਖਿਆ ਕਰਨ ਲਈ ਆਸਟ੍ਰੇਲੀਆ ਨੇ ਸਖਤ ਸਰਹੱਦੀ ਪਾਬੰਦੀਆਂ ਲਗਾਈਆਂ ਹਨ। ਇਸ ਵੇਲੇ ਆਸਟ੍ਰੇਲੀਆ ਆਉਣ ਅਤੇ ਇੱਥੋਂ ਜਾਣ ਲਈ ਬਹੁਤ ਸੀਮਤ ਉਡਾਣਾਂ ਉਪਲਬਧ ਹਨ ਅਤੇ ਤੁਸੀਂ ਸ਼ਾਇਦ ਇਸ ਸਮੇਂ ਸਫਰ ਕਰਨ ਦੇ ਯੋਗ ਨਹੀਂ ਹੋ ਸਕੋਗੇ। ਸਫਰ ਦੀਆਂ ਪਾਬੰਦੀਆਂ ਬਦਲਣਯੋਗ ਹਨ। ਕਿਰਪਾ ਕਰਕੇ ਬਾਕਾਇਦਾ ਵਾਪਸ ਪਤਾ ਕਰਦੇ ਰਹੋ। ਵੇਖੋ: ਰਾਸ਼ਟਰੀ ਕੈਬਨਿਟ ਮੀਡੀਆ ਬਿਆਨ।

ਜਦ ਤੱਕ ਕਿ ਤੁਸੀਂ ਸਰੱਖਿਅਤ ਯਾਤਰਾ ਜ਼ੋਨ ਤੋਂ ਕਆਰੰਟੀਨ-ਮਕਤ ਉਡਾਣ ਉਪਰ ਆ ਰਹੇ ਹੋ, ਆਸਟ੍ਰੇਲੀਆ ਦੇ ਨਾਗਰਿਕਾਂ ਦੇ ਸਮੇਤ, ਆਸਟ੍ਰੇਲੀਆ ਵਿੱਚ ਪਹੁੰਚਣ ਵਾਲੇ ਸਾਰੇ ਯਾਤਰੀਆਂ ਨੂੰ, ਉਹਨਾਂ ਦੀ ਪਹੁੰਚਣ ਵਾਲੀ ਜਗ੍ਹਾ ਜਿਵੇਂ ਕਿ ਹੋਟਲ ਵਿੱਚ ਲਾਜ਼ਮੀ ਤੌਰ ਤੇ 14 ਦਿਨਾਂ ਲਈ ਦੂਸਰਿਆਂ ਤੋਂ ਪਰ੍ਹੇ ਇਕ ਮਿਥੀ ਹੋਈ ਸਹੂਲਤ ਵਿੱਚ ਰਹਿਣਾ ਪਵੇਗਾ। ਯਾਤਰੀਆਂ ਵਾਸਤੇ ਕਰੋਨਾਵਾਇਰਸ (COVID-19) ਸਲਾਹ ਵੇਖੋ। ਤੁਹਾਨੂੰ ਦੂਸਰਿਆਂ ਤੋਂ ਪਰ੍ਹੇ ਰਹਿਣ (ਆਪਣੀ ਕੁਆਰੰਟੀਨ) ਦੀਆਂ ਲਾਗਤਾਂ ਦਾ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ। ਦੂਸਰਿਆਂ ਤੋਂ ਪਰ੍ਹਾਂ ਰਹਿਣ ਦੀਆਂ ਜ਼ਰੂਰਤਾਂ ਬਾਰੇ ਵਧੇਰੇ ਪਤਾ ਕਰਨ ਲਈ ਸਬੰਧਿਤ ਰਾਜ ਜਾਂ ਕੇਂਦਰੀ ਪ੍ਰਦੇਸ਼ ਸਰਕਾਰ ਦੇ ਸਿਹਤ ਵਿਭਾਗ ਨਾਲ ਸੰਪਰਕ ਕਰੋ।

# ਮੈਂ ਵੀਜ਼ੇ ਲਈ ਅਰਜ਼ੀ ਦੇਣਾ ਚਾਹੁੰਦਾ/ਦੀ ਹਾਂ

ਇਸ ਸਮੇਂ ਤੁਹਾਨੂੰ ਆਸਟ੍ਰੇਲੀਆ ਦੇ ਵੀਜ਼ੇ ਲਈ ਅਰਜ਼ੀ ਪਾਉਣ ਦੀ ਲੋੜ ਨੂੰ ਦੋਬਾਰਾ ਵਿਚਾਰਨਾ ਚਾਹੀਦਾ ਹੈ ਅਤੇ ਇਸ ਸਫੇ ਨੂੰ ਸਫਰ ਦੀਆਂ ਪਾਬੰਦੀਆਂ ਅਤੇ ਵੀਜ਼ਾ ਜਾਰੀ ਕਰਨ ਦੀਆਂ ਕਾਰਵਾਈਆਂ ਦੀ ਤਾਜ਼ਾ ਜਾਣਕਾਰੀ ਲਈ ਬਾਕਾਇਦਾ ਜਾਂਚਣਾ ਚਾਹੀਦਾ ਹੈ।

## ਵੀਜ਼ੇ ਦੀਆਂ ਅਰਜ਼ੀਆਂ ਉਪਰ ਕਾਰਵਾਈ ਦੇ ਪ੍ਰਬੰਧ

ਤੁਸੀਂ ਆਸਟ੍ਰੇਲੀਆ ਨਹੀਂ ਆ ਸਕਦੇ ਜਦ ਤੱਕ ਕਿ:

- ਤੁਸੀਂ ਕਿਸੇ ਛੋਟ ਵਾਲੀ ਸ਼੍ਰੇਣੀ ਵਿੱਚ ਹੋ
- ਤੁਹਾਨੂੰ ਵਰਤਮਾਨ ਯਾਤਰਾ ਪਾਬੰਦੀਆਂ ਵਾਸਤੇ ਵਿਅਕਤੀਗਤ ਛੋਟ ਦਿੱਤੀ ਗਈ ਹੈ, ਜਾਂ
- ਤੁਸੀਂ ਕੁਆਰੰਟੀਨ-ਮੁਕਤ ਯਾਤਰਾ ਪ੍ਰਬੰਧਾਂ ਦੇ ਅਧੀਨ ਸੁਰੱਖਿਅਤ ਯਾਤਰਾ ਜ਼ੋਨ ਦੇ ਅੰਦਰ ਯਾਤਰਾ ਕਰ ਰਹੇ ਹੋ।

ਤੁਹਾਡੇ ਕੋਲ ਲਾਜ਼ਮੀ ਜਾਇਜ਼ ਵੀਜ਼ਾ ਹੋਣਾ ਚਾਹੀਦਾ ਹੈ। ਆਪਣੇ ਵੀਜ਼ਾ ਵਿਕਲਪਾਂ ਦੀ ਪੜਚੋਲ ਕਰੋ।

COVID-19 ਦੇ ਕਾਰਨ ਵੀਜ਼ੇ ਦੀ ਕਾਰਵਾਈ ਦੇ ਸਮਿਆਂ ਉੱਤੇ ਪ੍ਰਭਾਵ ਪਿਆ ਹੈ, ਅਤੇ ਅਰਜ਼ੀਆਂ ਦਾ ਫੈਸਲਾ ਹੋਣ ਨੂੰ ਲੰਬਾ ਸਮਾਂ ਲੱਗ ਸਕਦਾ ਹੈ। ਅਸੀਂ ਉਨ੍ਹਾਂ ਯਾਤਰੀਆਂ ਲਈ ਵੀਜ਼ਾ ਅਰਜ਼ੀਆਂ ਨੂੰ ਤਰਜੀਹ ਦੇ ਰਹੇ ਹਾਂ, ਜਿੰਨ੍ਹਾਂ ਨੂੰ ਮੌਜੂਦਾ ਯਾਤਰਾ ਪਾਬੰਦੀਆਂ ਤੋਂ ਛੋਟਾਂ ਮਿਲੀਆਂ ਹਨ ਜਾਂ ਜੋ ਸਰੱਖਿਅਤ ਯਾਤਰਾ ਜ਼ੋਨ ਦੇ ਅੰਦਰ ਯਾਤਰਾ ਕਰ ਰਹੇ ਹਨ।

ਤੁਹਾਨੂੰ ਆਪਣੇ ਯਾਤਰਾ ਪ੍ਰਬੰਧਾਂ ਦੀ ਪੁਸ਼ਟੀ ਉਦੋਂ ਤੱਕ ਨਹੀਂ ਕਰਨੀ ਚਾਹੀਦੀ, ਜਦੋਂ ਤੱਕ ਤੁਹਾਨੂੰ ਵੀਜ਼ਾ ਜਾਰੀ ਨਹੀਂ ਕਰ ਦਿੱਤਾ ਜਾਂਦਾ (ਜਾਂ ਫਿਰ ਤੁਸੀਂ ਨਿਊਜ਼ੀਲੈਂਡ ਦੇ ਨਾਗਰਿਕ ਹੋ)।

ਜਿੱਥੇ ਉਪਲਬਧ ਹੈ, ਤੁਹਾਨੂੰ ਆਪਣੀ ਅਰਜ਼ੀ ਔਨਲਾਈਨ ਦਰਜ ਕਰਵਾਉਣੀ ਚਾਹੀਦੀ ਹੈ। ਇਹ ਅਰਜ਼ੀ ਉਪਰ ਕਾਰਵਾਈ ਦੇ ਪ੍ਰਬੰਧਾਂ ਨੂੰ ਸੁਚਾਰੂ ਬਨਾਉਣ ਵਿੱਚ ਮਦਦ ਕਰਦਾ ਹੈ।

## ਆਸਟ੍ਰੇਲੀਆ ਦਾ ਦੌਰਾ ਕਰਨਾ - ਵੀਜ਼ਾ ਵਿਕਲਪ

ਤੁਸੀਂ ਇਲੈਕਟ੍ਰੌਨਿਕ ਟਰੈਵਲ ਅਥਾਰਟੀ (ETA) ਵਾਸਤੇ ਔਨਲਾਈਨ, ਜਾਂ ਇਸ ਸਮੇਂ ਕਿਸੇ ਏਅਰਲਾਈਨ ਜਾਂ ਟਰੈਵਲ ਏਜੰਟ ਰਾਹੀਂ ਅਰਜ਼ੀ ਨਹੀਂ ਦੇ ਸਕਦੇ।

ਅਸੀਂ ਕੁਝ ਪਾਸਪੋਰਟ ਧਾਰਕਾਂ ਵਾਸਤੇ ETA ਲਈ ਅਰਜ਼ੀ ਪਾਉਣ ਲਈ ਇਲੈਕਟ੍ਰੌਨਿਕ ਟਰੈਵਲ ਅਥਾਰਟੀ (ETA) ਮੋਬਾਈਲ ਐਪ (ਆਸਟਰੇਲੀਅਨ ETA) ਦੀ ਪਰਖ ਕਰ ਰਹੇ ਹਾਂ, ਜਦੋਂ ਕਿ ਯਾਤਰਾ ਦੀਆਂ ਪਾਬੰਦੀਆਂ ਲਾਗੂ ਹਨ।

ਤੁਸੀਂ ETA ਲਈ ਅਰਜ਼ੀ ਦੇਣ ਲਈ ਆਸਟ੍ਰੇਲੀਅਨ ETA ਦੀ ਵਰਤੋਂ ਕਰ ਸਕਦੇ ਹੋ ਜੇਕਰ:

- ਤੁਸੀਂ ਸਾਰੀਆਂ ETA ਯੋਗਤਾ ਲੋੜਾਂ ਦੀ ਪੂਰਤੀ ਕਰਦੇ ਹੋ, ਅਤੇ
- ਤੁਹਾਡੇ ਕੋਲ ਬਰੂਨੇਈ, ਕੈਨੇਡਾ, ਹਾਂਗਕਾਂਗ (ਚੀਨ ਦਾ SAR), ਜਾਪਾਨ, ਮਲੇਸ਼ੀਆ, ਸਿੰਗਾਪੁਰ, ਦੱਖਣੀ ਕੋਰੀਆ ਜਾਂ ਸੰਯੁਕਤ ਰਾਜ ਅਮਰੀਕਾ ਦਾ ਪਾਸਪੋਰਟ ਹੈ।

ਆਸਟ੍ਰੇਲੀਅਨ ETA ਦੀ ਵਰਤੋਂ ਕਰਕੇ ETA ਲਈ ਅਰਜ਼ੀ ਦੇਣ ਲਈ 20 ਆਸਟ੍ਰੇਲੀਅਨ ਡਾਲਰ ਦੀ ਗੈਰ-ਵਾਪਸੀਯੋਗ ਸੇਵਾ ਫੀਸ ਹੈ। ETA ਤੁਹਾਨੂੰ ਆਸਟ੍ਰੇਲੀਆ ਵਿੱਚ ਕੰਮ ਕਰਨ, ਜਾਂ ਤਿੰਨ ਮਹੀਨਿਆਂ ਤੋਂ ਵਧੇਰੇ ਸਮੇਂ ਤੱਕ ਰਹਿਣ ਦੀ ਆਗਿਆ ਨਹੀਂ ਦਿੰਦੀ ਹੈ।

ਤੁਸੀਂ ਐਪ ਸਟੋਰ (Apple) ਜਾਂ ਗੂਗਲ ਪਲੇਅ ਸਟੋਰ (Android) ਤੋਂ ਮੁਫਤ ਵਿੱਚ ਆਸਟ੍ਰੇਲੀਅਨ ETA ਡਾਊਨਲੋਡ ਕਰ ਸਕਦੇ ਹੋ।

ਆਸਟ੍ਰੇਲੀਆ ਦੇ ETA ਦੀ ਪਰਖ ਵਿੱਚ ਸ਼ਾਮਲ ਨਾ ਕੀਤੇ ਯਾਤਰੀ, ਇਕ ਹੋਰ ਵੀਜ਼ੇ ਲਈ ImmiAccount ਰਾਹੀਂ ਔਨਲਾਈਨ ਅਰਜ਼ੀ ਦੇ ਸਕਦੇ ਹਨ ਜੋ ਉਨ੍ਹਾਂ ਦੀਆਂ ਲੋੜਾਂ ਦੇ ਅਨੁਕੂਲ ਹੋ ਸਕਦਾ ਹੈ।

- ਯੂਰਪੀਅਨ ਪਾਸਪੋਰਟ ਧਾਰਕ ਈ-ਵਿਜ਼ਟਰ (ਸਬਕਲਾਸ 651) ਵੀਜ਼ੇ ਲਈ ਯੋਗ ਹੋ ਸਕਦੇ ਹਨ। ਈ-ਵਿਜ਼ਟਰ ਵੀਜ਼ੇ ਦੀ ਅਰਜ਼ੀ ਲਈ ਕੋਈ ਵੀਜ਼ਾ ਅਰਜ਼ੀ ਫੀਸ (VAC) ਜਾਂ ਸੇਵਾ ਫੀਸ ਨਹੀਂ ਹੈ।
- ਹੋਰ ਪਾਸਪੋਰਟ ਧਾਰਕ ਸਬੰਧਿਤ ਧਾਰਾ ਵਿੱਚ ਵਿਜ਼ਟਰ (ਸਬਕਲਾਸ 600) ਵੀਜ਼ੇ ਵਾਸਤੇ ਯੋਗ ਹੋ ਸਕਦੇ ਹਨ।

ਜੇ ਤੁਹਾਨੂੰ ETA, ਈ-ਵਿਜ਼ਟਰ ਜਾਂ ਵਿਜ਼ਟਰ ਵੀਜ਼ਾ ਦਿੱਤਾ ਜਾਂਦਾ ਹੈ, ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਆਸਟ੍ਰੇਲੀਆ ਜਾਣ ਲਈ ਛੋਟ ਵਾਸਤੇ ਵਿਚਾਰਿਆ ਗਿਆ ਹੈ ਜਾਂ ਤੁਹਾਨੂੰ ਛੋਟ ਦਿੱਤੀ ਗਈ ਹੈ। ਤੁਹਾਨੂੰ ਯਾਤਰਾ ਵਿੱਚ ਛੋਟ ਲਈ ਅਰਜ਼ੀ ਦੇਣੀ ਪਵੇਗੀ ਅਤੇ ਆਪਣੇ ਦਾਅਵਿਆਂ ਦਾ ਸਮਰਥਨ ਕਰਨ ਲਈ ਸਬੂਤ ਪ੍ਰਦਾਨ ਕਰਵਾਉਣੇ ਪੈਣਗੇ, ਜਦ ਤੱਕ ਤੁਸੀਂ ਸੁਰੱਖਿਅਤ ਯਾਤਰਾ ਜ਼ੋਨ ਦੇ ਅੰਦਰ ਯਾਤਰਾ ਨਹੀਂ ਕਰ ਰਹੇ ਹੋ।

## ਸੇਵਾਵਾਂ ਵਿੱਚ ਵਿਘਨ

ਵੀਜ਼ੇ ਦੀ ਅਰਜ਼ੀ ਦੀਆਂ ਕਾਰਵਾਈਆਂ ਨਾਲ ਸੰਬੰਧਿਤ ਕੁਝ ਸੇਵਾਵਾਂ COVID-19 ਦੇ ਕਾਰਣ ਪ੍ਰਭਾਵਿਤ ਹੋ ਸਕਦੀਆਂ ਹਨ ਅਤੇ ਬਹੁਤ ਸਾਰੀਆਂ ਸੇਵਾਵਾਂ ਜਿੰਨ੍ਹਾਂ ਉਪਰ ਅਸੀਂ ਨਿਰਭਰ ਕਰਦੇ ਹਾਂ ਉਹ ਬਹੁਤੀਆਂ ਉਪਲਬਧ ਨਹੀਂ ਹਨ।

ਇਸ ਵਿੱਚ ਵਿਦੇਸ਼ ਦੇ ਪੈਨਲ ਡਾਕਟਰ (ਹੇਠਾਂ ਵੇਖੋ), ਅੰਗਰੇਜ਼ੀ ਭਾਸ਼ਾ ਦੇ ਇਮਤਿਹਾਨ ਕੇਂਦਰ, ਬਾਇਓਮੈਟਰਿਕ ਇਕੱਠੇ ਕਰਨ ਵਾਲੇ ਕੇਂਦਰ ਸ਼ਾਮਲ ਹਨ।

ਜਦੋਂ ਇਹ ਸੇਵਾਵਾਂ ਉਪਲਬਧ ਨਹੀਂ ਹਨ, ਬਹੁਤ ਸਾਰੇ ਅਰਜ਼ੀਕਰਤਾ ਵੀਜ਼ੇ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਸਕਦੇ। ਅਰਜ਼ੀਕਰਤਾਵਾਂ ਨੂੰ ਜਾਂਚਾਂ ਪੂਰੀਆਂ ਕਰਨ ਅਤੇ ਲੋੜੀਂਦੀ ਜਾਣਕਾਰੀ ਪ੍ਰਦਾਨ ਕਰਨ ਲਈ ਵਾਧੂ ਸਮਾਂ ਦਿੱਤਾ ਜਾਵੇਗਾ।

## ਵੀਜ਼ੇ ਲਈ ਡਾਕਟਰੀ ਜਾਂਚ ਦੀਆਂ ਮੁਲਾਕਾਤਾਂ

COVID-19 ਦੇ ਕਾਰਣ, ਗਾਹਕਾਂ ਨੂੰ ਵੀਜ਼ੇ ਦੀਆਂ ਡਾਕਟਰੀ ਸੇਵਾਵਾਂ ਵਿੱਚ ਵਿਘਨ ਬਾਰੇ ਪਤਾ ਹੋਣਾ ਚਾਹੀਦਾ ਹੈ।

ਵੀਜ਼ੇ ਉਪਰ ਕਾਰਵਾਈ ਕਰ ਰਹੇ ਸਾਡੇ ਅਫਸਰਾਂ ਨੂੰ ਵਿਘਨ ਬਾਰੇ ਪਤਾ ਹੈ। ਤੁਹਾਡੇ ਵੀਜ਼ੇ ਦੀ ਅਰਜ਼ੀ ਨੂੰ ਵਿਚਾਰਣ ਸਮੇਂ ਅਸੀਂ ਵਧੇ ਹੋਏ ਸਮੇਂ ਦੀ ਮਿਆਦ ਨੂੰ ਧਿਆਨ ਵਿੱਚ ਰੱਖਾਂਗੇ। ਮੇਰੇ ਸਿਹਤ ਐਲਾਨਨਾਮੇ ਆਰਜ਼ੀ ਤੌਰ ਤੇ ਮੁਅੱਤਲ ਹਨ। ਤੁਹਾਡੇ ਇੱਛਤ ਵੀਜ਼ੇ ਲਈ ਸਿਹਤ ਦੇ ਮੁਆਨਿਆਂ ਸਮੇਤ ਸਿਹਤ ਦੀਆਂ ਜ਼ਰੂਰਤਾਂ ਨੂੰ ਨਿਰਧਾਰਿਤ ਕੀਤਾ ਜਾਵੇਗਾ ਜਦੋਂ ਤੁਹਾਡੀ ਵੀਜ਼ੇ ਦੀ ਅਰਜ਼ੀ ਦਾਇਰ ਹੋ ਜਾਂਦੀ ਹੈ।

ਜੇ ਤੁਸੀਂ *ਸਿਹਤ ਦੀ ਜਾਂਚ ਵਾਲੇ ਪੱਤਰ ਵਿੱਚ ਬੇਨਤੀ* ਕੀਤੀ ਸਮਾਂ-ਸੀਮਾ ਦੇ ਅੰਦਰ ਸਿਹਤ ਦੀ ਜਾਂਚ ਨਹੀਂ ਕਰਵਾ ਸਕਦੇ ਹੋ, ਤਾਂ ਤੁਹਾਨੂੰ ਆਪਣੇ ImmiAccount ਰਾਹੀਂ ਵੇਰਵੇ ਜੋੜ ਕੇ ਵਿਭਾਗ ਨੂੰ ਸੂਚਿਤ ਕਰਨਾ ਚਾਹੀਦਾ ਹੈ।

ਜੇਕਰ ਤੁਸੀਂ ਅਜੇ ਵੀਜ਼ੇ ਲਈ ਅਰਜ਼ੀ ਦਰਜ ਨਹੀਂ ਕੀਤੀ ਹੈ ਜਾਂ ਤੁਹਾਨੂੰ ਪ੍ਰਵਾਸ ਵਾਸਤੇ ਡਾਕਟਰੀ ਜਾਂਚ ਕਰਵਾਉਣ ਲਈ ਨਹੀਂ ਕਿਹਾ ਗਿਆ ਹੈ, ਤੁਹਾਨੂੰ ਇਸ ਸਮੇਂ ਆਸਟ੍ਰੇਲੀਆ ਵਿੱਚ ਵੀਜ਼ੇ ਦੀ ਡਾਕਟਰੀ ਸੇਵਾ ਵਾਲੇ ਕਲੀਨਿਕ ਜਾਂ ਵਿਦੇਸ਼ ਵਿੱਚ ਪੈਨਲ ਕਲੀਨਿਕ ਨਾਲ ਸੰਪਰਕ ਕਰਨ ਦੀ ਲੋੜ ਨਹੀਂ ਹੈ।

## ਬਾਇਓਮੀਟ੍ਰਿਕਸ ਇਕੱਠੇ ਕਰਨ ਦੀਆਂ ਤੈਅਸ਼ੁਦਾ ਮੁਲਾਕਾਤਾਂ

ਆਸਟ੍ਰੇਲੀਆ ਦੇ ਵੀਜ਼ਾ ਅਰਜ਼ੀ ਕੇਂਦਰਾਂ (AVACs) ਅਤੇ ਆਸਟ੍ਰੇਲੀਅਨ ਬਾਇਓਮੈਟ੍ਰਿਕਸ ਕਲੈਕਸ਼ਨ ਸੈਂਟਰਾਂ (ABCCs) ਦੀ ਉਪਲਬਧਤਾ ਦੇਸ਼ ਵਿੱਚ COVID-19 ਪਾਬੰਦੀਆਂ ਉੱਤੇ ਨਿਰਭਰ ਕਰੇਗੀ।

ਇਕੱਠਾ ਕਰਨ ਵਾਲੇ ਕੁਝ ਕੇਂਦਰ ਸਹਾਇਤਾ ਪ੍ਰਾਪਤ ਔਨਲਾਈਨ ਵੀਜ਼ਾ ਅਰਜ਼ੀ ਜਮ੍ਹਾਂ ਕਰਵਾਉਣ ਦੀਆਂ ਸੇਵਾਵਾਂ ਦੀ ਪੇਸ਼ਕਸ਼ ਕਰ ਸਕਦੇ ਹਨ।

ਤੁਸੀਂ ਕਿਸੇ ਮੁਲਾਕਾਤ ਨੂੰ ਬੁੱਕ ਕਰਨ ਅਤੇ ਉਸ ਵਿੱਚ ਹਾਜ਼ਰੀ ਭਰਨ ਲਈ *ਨਿੱਜੀ ਪਛਾਣਕਰਤਾਵਾਂ (ਬਾਇਓਮੈਟ੍ਰਿਕਸ) ਵਾਲੀ ਚਿੱਠੀ* ਪ੍ਰਦਾਨ ਕਰਵਾਉਣ ਦੀ ਆਪਣੀ ਮੌਜੂਦਾ ਜ਼ਰੂਰਤਾਂ ਦੀ ਵਰਤੋਂ ਕਰ ਸਕਦੇ ਹੋ। ਜੇ ਤੁਸੀਂ ਆਪਣੇ ਵੀਜ਼ੇ ਵਾਸਤੇ ਔਨਲਾਈਨ ਅਰਜ਼ੀ ਦਿੱਤੀ ਹੈ, ਤਾਂ ਇਸ ਚਿੱਠੀ ਦੀ ਨਕਲ ਤੁਹਾਡੇ ImmiAccount ਵਿੱਚ ਮੌਜੂਦ ਹੈ।

ਮੁਲਾਕਾਤ ਦਾ ਇੰਤਜ਼ਾਮ ਕਰਨ ਲਈ ਤੁਹਾਨੂੰ ਲਾਜ਼ਮੀ ਤੌਰ ਤੇ ਆਪਣੇ ਸਥਾਨਕ AVAC ਜਾਂ ABCC ਨਾਲ ਸੰਪਰਕ ਕਰਨਾ ਚਾਹੀਦਾ ਹੈ। ਤੁਸੀਂ AVAC ਅਤੇ ABCC ਬਾਰੇ ਨਵੀਨਤਮ ਜਾਣਕਾਰੀ ਵਾਸਤੇ ਸਾਡੀ ਵੈੱਬਸਾਈਟ ਵੇਖ ਸਕਦੇ ਹੋ, ਜਿਸ ਵਿੱਚ ਤੁਹਾਡੇ ਦੇਸ਼ ਵਿੱਚ ਸੰਪਰਕ ਜਾਣਕਾਰੀ ਅਤੇ ਖੁੱਲ੍ਹਣ ਦੇ ਸਮੇਂ ਸ਼ਾਮਲ ਹਨ। ਵੇਖੋ: ਆਸਟ੍ਰੇਲੀਆ ਤੋਂ ਬਾਹਰ ਦੇ ਦਫਤਰ

ਅਸੀਂ ਜਾਣਦੇ ਹਾਂ ਕਿ ਹੋ ਸਕਦਾ ਹੈ ਤੁਸੀਂ ਉਸ ਦੇਸ਼ ਵਿੱਚ COVID-19 ਦੀਆਂ ਪਾਬੰਦੀਆਂ ਕਰਕੇ ਕੁਝ ਵਿਸ਼ੇਸ਼ ਸਥਾਨਾਂ ਉੱਤੇ ਬਾਇਓਮੈਟ੍ਰਿਕਸ ਪ੍ਰਦਾਨ ਕਰਨ ਦੇ ਯੋਗ ਨਾ ਹੋਵੋ। ਤੁਹਾਨੂੰ ਸਾਡੇ ਨਾਲ ਸੰਪਰਕ ਕਰਨ ਦੀ ਲੋੜ ਨਹੀਂ ਹੈ ਜੇਕਰ:

- ਤੁਹਾਡੇ ਖੇਤਰ ਵਿੱਚ ਇਕੱਠਾ ਕਰਨ ਵਾਲੇ ਕੇਂਦਰ ਅਸਥਾਈ ਤੌਰ ਤੇ ਬੰਦ ਹੈ
- ਤੁਹਾਡੇ ਖੇਤਰ ਵਿੱਚ ਤਾਲਾਬੰਦੀਆਂ ਲਾਗੂ ਹਨ ਜੋ ਤੁਹਾਨੂੰ ਕਿਸੇ ਇਕੱਠਾ ਕਰਨ ਵਾਲੇ ਕੇਂਦਰ ਤੱਕ ਜਾਣ ਤੋਂ ਰੋਕਦੀਆਂ ਹਨ